# ETF ਕਿਵੇਂ ਕੰਮ ਕਰਦੇ ਹਨ

ਇੱਕ ਐਕਸਚੇਂਜ-ਟਰੇਡਡ ਫੰਡ (ETF) ਇੱਕ ਨਿਵੇਸ਼ ਫੰਡ ਹੈ ਜੋ ਨਿਵੇਸ਼ਾਂ ਦਾ ਇੱਕ ਸੰਗ੍ਰਹਿ ਰੱਖਦਾ ਹੈ, ਜਿਵੇਂ ਕਿ ਸਟਾਕ ਜਾਂ ਬਾਂਡ, ਨਿਵੇਸ਼ਕਾਂ ਦੇ ਇੱਕ ਸਮੂਹ ਦੀ ਮਲਕੀਅਤ ਅਤੇ ਇੱਕ ਪੇਸ਼ੇਵਰ ਮਨੀ ਮੈਨੇਜਰ ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ। ETF ਇੱਕ ਮਿਉਚੁਅਲ ਫੰਡ ਦੀ ਤਰ੍ਹਾਂ ਹੰਦੇ ਹਨ, ਪਰ ਉਹਨਾਂ ਦਾ ਟਰੇਡ ਸਟਾਕ ਐਕਸਚੇਂਜ ਵਿੱਚ ਕੀਤਾ ਜਾਂਦਾ ਹੈ।

## 4 ਜਾਣਨਯੋਗ ਚੀਜ਼ਾਂ

**1. ਜੋਖਮ**

ਜੋਖਮ ਅਤੇ ਵਾਪਸੀ ਦਾ ਪੱਧਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ETF ਕਿਸ ਵਿੱਚ ਨਿਵੇਸ਼ ਕਰਦਾ ਹੈ। ਤੁਸੀਂ ETF ਵਿਚ ਨਿਵੇਸ਼ ਕਰਕੇ ਪੈਸਾ ਗੁਆ ਸਕਦੇ ਹੋ।

**2. ਪੁਰਾਣੀ ਕਾਰਗੁਜ਼ਾਰੀ**

ETF ਨੇ ਅਤੀਤ ਵਿਚ ਕਿਵੇਂ ਪ੍ਰਦਰਸ਼ਨ ਕੀਤਾ ਹੈ, ਇਹ ਤੁਹਾਨੂੰ ਨਹੀਂ ਦੱਸ ਸਕਦਾ ਕਿ ਇਹ ਭਵਿੱਖ ਵਿਚ ਕਿਵੇਂ ਪ੍ਰਦਰਸ਼ਨ ਕਰੇਗਾ। ਪਰ ਪਿਛਲੀ ਕਾਰਗੁਜ਼ਾਰੀ ਤੁਹਾਨੂੰ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ ਕਿ ETF ਦੀ ਰਿਟਰਨ ਕਿੰਨੀ ਅਸਥਿਰ ਜਾਂ ਜੋਖਮ ਭਰੀ ਹੋ ਸਕਦੀ ਹੈ।

**3. ETF ਖਰੀਦਣਾ ਅਤੇ ਵੇਚਣਾ**

ਤੁਸੀਂ ਸਟਾਕ ਖਰੀਦਣ ਅਤੇ ਵੇਚਣ ਵਾਂਗ ਹੀ ਸਟਾਕ ਐਕਸਚੇਂਜ 'ਤੇ ETF ਖਰੀਦਦੇ ਅਤੇ ਵੇਚਦੇ ਹੋ।

**4. ਫੀਸਾਂ**

ਤੁਸੀਂ ਆਮ ਤੌਰ 'ਤੇ ETF ਵਿੱਚ ਨਿਵੇਸ਼ ਕਰਨ ਲਈ ਕਮਿਸ਼ਨ ਅਤੇ ਪ੍ਰਬੰਧਨ ਫੀਸਾਂ ਦਾ ਭੁਗਤਾਨ ਕਰਦੇ ਹੋ। ਇੱਕ ਨਿਵੇਸ਼ ਖਾਤਾ ਸਥਾਪਤ ਕਰਨ ਲਈ ਵੀ ਖਰਚੇ ਹੋ ਸਕਦੇ ਹਨ।

## ETF 'ਤੇ ਪੈਸਾ ਕਿਵੇਂ ਕਮਾਉਣਾ ਹੈ

ਕੁਝ ETF ਨਿਵੇਸ਼ਕਾਂ ਨੂੰ ETF ਦੁਆਰਾ ਕਮਾਇਆ ਗਿਆ ਪੈਸਾ ਦਿੰਦੇ ਹਨ। ਇਨ੍ਹਾਂ ਭੁਗਤਾਨਾਂ ਨੂੰ ਡਿਸਟ੍ਰੀਬਿਊਸ਼ਨ ਕਿਹਾ ਜਾਂਦਾ ਹੈ। ਦੇਖੋ ਕਿ ਤੁਹਾਡੀਆਂ ਡਿਸਟ੍ਰੀਬਿਊਸ਼ਨਾਂ ਨਾਲ ਕੀ ਹੁੰਦਾ ਹੈ:

1. ਨਕਦ ਤੁਹਾਡੇ ਖਾਤੇ ਵਿਚ ਤਾਂ ਤਕ ਰਹਿੰਦਾ ਹੈ ਜਦੋਂ ਤਕ ਤੁਸੀਂ ਆਪਣੀ ਨਿਵੇਸ਼ ਫਰਮ ਨੂੰ ਇਹ ਨਹੀਂ ਦੱਸ ਦਿੰਦੇ ਕਿ ਤੁਸੀਂ ਇਸ ਨੂੰ ਕਿਵੇਂ ਨਿਵੇਸ਼ ਕਰਨਾ ਚਾਹੁੰਦੇ ਹੋ। ਤੁਸੀਂ ਜੋ ਵੀ ਖਰੀਦਦੇ ਹੋ ਉਸ ਤੇ ਤੁਹਾਨੂੰ ਵਿਕਰੀ ਕਮਿਸ਼ਨ ਦਾ ਭੁਗਤਾਨ ਕਰਨਾ ਪੈ ਸਕਦਾ ਹੈ।
2. ਤੁਹਾਡੀ ਨਿਵੇਸ਼ ਫਰਮ ਤੁਹਾਡੇ ਲਈ ਹੋਰ ETF ਯੂਨਿਟ ਜਾਂ ਸ਼ੇਅਰ ਆਪਣੇ ਆਪ ਖਰੀਦਣ ਲਈ ਇੱਕ ਪ੍ਰੋਗਰਾਮ ਪੇਸ਼ ਕਰ ਸਕਦੀ ਹੈ। ਸੰਭਾਵਤ ਤੌਰ 'ਤੇ ਤੁਸੀਂ ਇਨ੍ਹਾਂ ਆਟੋਮੈਟਿਕ ਖਰੀਦਾਂ 'ਤੇ ਵਿਕਰੀ ਕਮਿਸ਼ਨ ਦਾ ਭੁਗਤਾਨ ਨਹੀਂ ਕਰੋਗੇ।

## ETF 'ਤੇ ਟੈਕਸ ਕਿਵੇਂ ਲਗਾਇਆ ਜਾਂਦਾ ਹੈ

ਤੁਸੀਂ ਇਸ 'ਤੇ ਟੈਕਸ ਦਾ ਭੁਗਤਾਨ ਕਰੋਗੇ:

- ਕੋਈ ਵੀ ਪੂੰਜੀ ਲਾਭ ਜੋ ਤੁਸੀਂ ETF ਤੋਂ ਕਮਾਉਂਦੇ ਹੋ, ਜਦ ਤੁਸੀਂ ਇਸਨੂੰ ਵੇਚਦੇ ਹੋ, ਅਤੇ
- ਕੋਈ ਵੀ ਡਿਸਟ੍ਰੀਬਿਊਸ਼ਨ ਜੋ ਤੁਸੀਂ ETF ਤੋਂ ਪ੍ਰਾਪਤ ਕਰਦੇ ਹੋ।

**GetSmarterAboutMoney.ca 'ਤੇ ਹੋਰ ਜਾਣੋ**

**Ontario Securities Commission**
20 Queen St. W., 22nd Floor, Toronto, Ontario M5H 3S8
**Tel:** 1-877-785-1555 **Email:** inquiries@osc.gov.on.ca